a2zpapers.com

www.a2zpapers.com

**Exam. Code : 107202**
**Subject Code : 2105**

**Bachelor of Computer Application (BCA) 2nd Semester**

**ਪੰਜਾਬੀ ਲਾਜ਼ਮੀ**

**Paper–V(i)**

Time Allowed—3 Hours] [Maximum Marks—50

**ਨੋਟ :-** ਸਾਰੇ ਪ੍ਰਸ਼ਨ ਲਾਜ਼ਮੀ ਹਨ।

1. ਸਾਹਿਤ ਤੇ ਲੋਕ ਸਾਹਿਤ ਨਿਬੰਧ ਦਾ ਵਿਸ਼ਾ ਵਸਤੂ ਲਿਖੋ।

**ਜਾਂ**

ਮਨੁੱਖੀ ਅਧਿਕਾਰ ਨਿਬੰਧ ਦਾ ਸਾਰ ਲਿਖੋ। 10

2. 'ਉਜਾੜ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ। 10

3. ਸ਼ਬਦ ਬਣਤਰ ਅਤੇ ਸ਼ਬਦ ਰਚਨਾ ਦੇ ਮੁੱਢਲੇ ਸੰਕਲਪਾਂ ਸਬੰਧੀ ਚਰਚਾ ਕਰੋ। 10

4. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇੱਕ** ਉੱਤੇ ਪੈਰ੍ਹਾ ਰਚਨਾ ਕਰੋ :
   (ੳ) ਸਿੱਖਿਆ ਦਾ ਵਿਉਪਾਰੀਕਰਨ
   (ਅ) ਨਾਰੀ ਸਸ਼ਕਤੀਕਰਨ
   (ੲ) ਸੂਚਨਾ ਕ੍ਰਾਂਤੀ। 5

5. ਹੇਠ ਲਿਖੇ ਪੈਰ੍ਹੇ ਨੂੰ ਪੜ੍ਹਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਮਨੁੱਖ ਏਨਾ ਆਪਣੀ ਮਾਂ ਦਾ ਬੱਚਾ ਨਹੀਂ ਹੁੰਦਾ, ਜਿੰਨਾ ਆਪਣੀ ਮਾਂ ਬੋਲੀ ਦਾ ਹੁੰਦਾ ਹੈ ਤੇ ਜਿਹੜੇ ਲੋਕਾਂ ਨੂੰ ਉਨ੍ਹਾਂ ਦੀ ਮਾਂ ਬੋਲੀ ਤੋਂ <u>ਵਿਰਵਿਆ</u> ਰੱਖਿਆ ਜਾਂਦਾ ਹੈ, ਉਨ੍ਹਾਂ ਦੇ ਦਿਲੀ ਜਜ਼ਬਿਆਂ ਦੇ ਕਈ ਭੰਡਾਰ ਬੰਦ ਹੀ ਪਏ ਰਹਿ ਜਾਂਦੇ ਹਨ। ਉਹ



www.a2zpapers.com www.a2zpapers.com
oad free old Question papers gndu, ptu hp board, punjab

a2zpapers.com

www.a2zpapers.com

ਮੇਰੇ ਪੰਜਾਬੀ ਭਰਾ ਕਿਸੇ ਦੁਸ਼ਮਣ ਦੀ ਸਾਜਸ਼ ਦਾ ਜ਼ਿਕਾਰ ਹਨ ਜਿਹੜੇ ਆਪਣੀ ਮਾਂ ਕੋਲੋਂ ਦੁਨੀਆਂ ਦੀ ਪਹਿਲੀ ਜਾਣ-ਪਛਾਣ ਲੈ ਕੇ ਇਹ ਆਖਣ ਲਈ ਵਰਗਲਾਏ ਗਏ ਹਨ ਕਿ ਪੰਜਾਬੀ ਉਨ੍ਹਾਂ ਦੀ ਮਾਂ ਬੋਲੀ ਨਹੀਂ। ਪੰਜਾਬੀ ਨੂੰ ਉਹ ਆਪਣੇ ਛੋਟੇ ਭਰਾ ਸਿੱਖ ਦੀ ਬੋਲੀ ਕਹਿ ਕੇ ਆਪਣੇ ਲਈ ਕਿਸੇ ਹੋਰ ਮਾਂ ਦੀ ਗੋਦ ਢੂੰਡ ਰਹੇ ਹਨ। ਮਾਂ ਗੋਦੀ ਜਮਾਂਦਰੂ ਦਾਤ ਹੈ, ਢੂੰਡਿਆਂ ਨਹੀਂ ਮਿਲਦੀ। ਇਹਦੀ ਸਿੱਕ ਦਿਲ ਦੀਆਂ ਤਹਿਆਂ ਵਿਚ ਸਦਾ ਖਟਕਦੀ ਰਹਿੰਦੀ ਹੈ।

1. ਜਿਨ੍ਹਾਂ ਲੋਕਾਂ ਨੂੰ ਮਾਂ ਬੋਲੀ ਤੋਂ ਵਾਂਝਾ ਰਖਿਆ ਜਾਂਦਾ ਹੈ ਉਨ੍ਹਾਂ ਨਾਲ ਕੀ ਬੀਤਦੀ ਹੈ ?
2. ਪੰਜਾਬੀ ਭਰਾ ਕਾਹਦੇ ਲਈ ਵਰਗਲਾਏ ਗਏ ਹਨ ?
3. ਮਾਂ ਬੋਲੀ ਕਿਹੋ ਜਿਹੀ ਦਾਤ ਹੈ ?
4. ਲਕੀਰੇ ਸ਼ਬਦਾਂ ਦੇ ਅਰਥ ਲਿਖੋ।
5. ਪੈਰ੍ਹੇ ਦਾ ਢੁਕਵਾਂ ਸਿਰਲੇਖ ਦਿਉ। 5

6. ਹੇਠ ਲਿਖੇ ਮੁਹਾਵਰਿਆਂ ਅਤੇ ਅਖਾਣਾਂ ਵਿਚੋਂ **ਪੰਜ-ਪੰਜ** ਨੂੰ ਇਸ ਤਰ੍ਹਾਂ ਵਾਕਾਂ ਵਿਚ ਵਰਤੋ ਕਿ ਇਨ੍ਹਾਂ ਦੇ ਅਰਥ ਸਪੱਸ਼ਟ ਹੋ ਜਾਣ :

**ਮੁਹਾਵਰੇ :** ਕੌੜਾ ਘੁੱਟ ਭਰਨਾ, ਆਪਣਾ ਮਾਰੂ ਤਾਂ ਛਾਵੇਂ ਸੁੱਟੂ, ਅੱਖਾਂ ਫੇਰਨੀਆਂ, ਡੰਢੇ ਸਾਹ ਲੈਣਾ, ਅੰਨੇ ਅੱਗੇ ਦੀਦੇ ਗਾਲਣੇ, ਈਦ ਦਾ ਚੰਦ ਹੋਣਾ, ਖੂਹ ਦੀ ਮਿੱਟੀ ਖੂਹ ਨੂੰ ਲਾਉਣੀ, ਬੁੱਕਲ ਵਿਚ ਰੋੜੀ ਭੰਨਣਾ।

**ਅਖਾਣ :** ਓੜਕ ਬੱਚਾ ਮੂਲਿਆਂ ਤੂੰ ਹੱਟੀ ਬਹਿਣਾ, ਹਾਥੀ ਦੇ ਪੈਰ ਵਿਚ ਸਭ ਦਾ ਪੈਰ, ਜਾਤ ਦੀ ਕੋਹੜ ਕਿਰਲੀ ਸ਼ਤੀਰਾਂ ਨੂੰ ਜੱਫੇ, ਨਾ ਨੌਂ ਮਣ ਤੇਲ ਹੋਵੇ ਨਾ ਰਾਧਾ ਨੱਚੇ, ਅਕਲਾਂ ਬਾਝੋਂ ਖੂਹ ਖਾਲੀ, ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ, ਚਿੜੀਆਂ ਦੀ ਮੌਤ ਗਵਾਰਾਂ ਦਾ ਹਾਸਾ, ਪਰਾਈ ਜੰਵ ਤੇ ਅਹਿਮਕ ਨੱਚੇ। 5+5=10



www.a2zpapers.com www.a2zpapers.com
oad free old Question papers gndu, ptu hp board, punjab